# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ
(ਉਦਯੋਗਿਕ ਸੰਪਰਕ ਸ਼ਾਖ਼ਾ)

ਵੱਲ

1) ਸਾਰੇ ਜੀ.ਐਮ/ਇੰਜੀ: ਇੰਨ ਚੀਫ/ਮੁੱਖ ਇੰਜੀਨੀਅਰ,ਪੀ.ਐਸ.ਪੀ.ਸੀ.ਐਲ
2) ਸਾਰੇ ਵਿਭਾਗਾਂ ਦੇ ਮੁੱਖੀ, ਪੀ.ਐਸ.ਪੀ.ਸੀ.ਐਲ
3) ਨਿਗਰਾਨ ਇੰਜੀਨੀਅਰ, ਸੀਨੀਅਰ ਕਾਰਜਕਾਰੀ ਇੰਜੀਨੀਅਰ/ ਉਪ ਮੰਡਲ ਅਫਸਰ, ਪੀ.ਐਸ.ਪੀ.ਸੀ.ਐਲ
4) ਸੀਨੀਅਰ ਪੀ.ਐਸ ਟੂ ਸੀ.ਐਮ.ਡੀ ਅਤੇ ਸਾਰੇ ਡਾਇਰੈਕਟਰਜ਼,ਪੀ.ਐਸ.ਪੀ.ਸੀ.ਐਲ

ਮੀਮੋ ਨੰ: 500/724 ਮਿਤੀ : 30/1/25

ਵਿਸ਼ਾ:- **ਸਮਾਂ ਪਾਬੰਦੀ/ਹਾਜਰੀ ਰਜਿਸਟਰਾਂ ਸਬੰਧੀ ਹਦਾਇਤਾਂ**

ਹਵਾਲਾ:- ਮੈਨੂਅਲ ਆਫ ਇੰਸਟਰੱਕਸ਼ਨਜ ਆਨ ਸਰਵਿਸ ਮੈਟਰਸ ਵਾ:2-1984 ਅਤੇ ਮੀਮੋ ਨੰ: 41310/41346 ਮਿਤੀ 30.7.2015 ਅਤੇ ਇਸ ਦਫ਼ਤਰ ਦਾ ਪੱਤਰ ਨੰ: 28158/28668 ਮਿਤੀ 15.12.2022

ਮਾਨਯੋਗ ਬਿਜਲੀ ਮੰਤਰੀ ਸ੍ਰੀ ਹਰਭਜਨ ਸਿੰਘ ਈ.ਟੀ.ਓ ਜੀ ਵੱਲੋਂ ਪੀਐਸਪੀਸੀਐਲ ਪ੍ਰਸਾਸ਼ਨ ਨਾਲ ਦਫ਼ਤਰਾਂ ਵਿੱਚ ਸਮਾਂ-ਪਾਬੰਦੀ ਨੂੰ ਸੁਨਿਸ਼ਚਿਤ ਕਰਨ ਸਬੰਧੀ ਆਦੇਸ਼ ਦਿੱਤੇ ਜਾਂਦੇ ਹਨ, ਜਿਸ ਦੇ ਸਬੰਧ ਵਿੱਚ ਮਹਿਕਮੇ ਵੱਲੋਂ ਹਵਾਲਾ ਅਧੀਨ ਪੱਤਰ ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ, ਜੋ ਮੁੜ ਦੁਬਾਰਾ ਦੁਹਰਾਈਆਂ ਜਾਂਦੀਆਂ ਹਨ, ਜਿਨ੍ਹਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ: -

1. ਸਮੇਂ ਦਾ ਪਾਬੰਦ ਨਾ ਹੋਣ ਦੀ ਆਦਤ ਕਾਰਨ ਕਰਮਚਾਰੀ/ਅਧਿਕਾਰੀ ਦਾ ਤਾਂ ਆਪਣਾ ਅਕਸ ਖਰਾਬ ਹੁੰਦਾ ਹੀ ਹੈ ਇਸ ਦੇ ਨਾਲ ਨਾਲ ਮਹਿਕਮੇ ਦਾ ਵੀ ਅਕਸ ਖਰਾਬ ਹੁੰਦਾ ਹੈ। ਇਸ ਲਈ ਕਰਮਚਾਰੀਆਂ/ਅਧਿਕਾਰੀਆਂ ਵੱਲੋਂ ਸਮੇਂ ਸਿਆਪਣੀ ਡਿਓਟੀ ਤੇ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ।

2. ਸਵੇਰੇ 09.00 ਵਜੇ ਹਰ ਹਾਲਤ ਵਿਚ ਆਪਣੀ ਸੀਟ ਤੇ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਅਤੇ ਆਪਣੇ ਸੰਬੰਧਤ ਦਫਤਰੀ ਕੰਮਕਾਜ ਅਤੇ ਅਚਨਚੇਤ ਕੰਮ ਨੂੰ ਸਵੇਰੇ 09.00 ਵਜੇ ਤੋਂ ਲੈ ਕੇ ਸ਼ਾਮ 05.00 ਵਜੇ ਤੱਕ ਦੇ ਸਮੇਂ ਦੌਰਾਨ ਹੀ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।ਇਸ ਤੋਂ ਇਲਾਵਾ ਜਿਨ੍ਹਾਂ ਦਫਤਰਾਂ ਵਿੱਚ ਸਿਫਟ ਡਿਊਟੀਆਂ ਵਿੱਚ ਕੰਮ-ਕਾਜ ਚਲਦਾ ਹੈ ਉਨ੍ਹਾਂ ਦਫਤਰਾਂ ਵਿੱਚ ਸਿਫ਼ਟ ਸ਼ੁਰੂ ਹੋਣ ਦੇ ਸਮੇਂ ਤੋਂ ਪਹਿਲਾਂ ਹਾਜ਼ਰੀ ਲਗਾਉਣੀ ਯਕੀਨੀ ਬਣਾਈ ਜਾਵੇ।

3. ਸਮਾਂ 09.30 ਵਜੇ ਸਵੇਰੇ ਤੋਂ ਲੇਟ ਆਉਣ ਵਾਲੇ ਮੁਲਾਜਮਾਂ ਦੀ ਅੱਧੇ ਦਿਨ ਦੀ ਛੁੱਟੀ ਲਗਾਈ ਜਾਵੇ।

4. ਹਾਜ਼ਰੀ ਰਜਿਸਟਰ ਵਿੱਚ ਅਧਿਕਾਰੀਆਂ/ਕਰਮਚਾਰੀਆਂ ਵਲੋਂ ਆਪਣੀ ਹਾਜ਼ਰੀ ਦਰਜ਼ ਕਰਨ ਲਈ ਆਪਣੇ ਹਸਤਾਖਰ ਅਤੇ ਦਰਜ਼ਾ-4 ਕਰਮਚਾਰੀ ਦੇ ਕੇਸ ਵਿਚ 'ਹ' ਅਤੇ ਕਿਸੇ ਵੀ ਕਰਮਚਾਰੀ ਦੇ ਛੁੱਟੀ ਤੇ ਹੋਣ ਦੀ ਸੂਰਤ 'ਛ', ਯਾਤਰਾ ਤੇ 'ਡ' ਦਾ ਇੰਦਰਾਜ਼ ਹਾਜ਼ਰੀ ਰਜਿਸਟਰ ਵਿਚ ਸੰਬੰਧਤ ਅਧਿਕਾਰੀ ਵਲੋਂ ਕਰਨਾ ਯਕੀਨੀ ਬਣਾਇਆ ਜਾਵੇ। ਹਾਜ਼ਰੀ ਰਜਿਸਟਰ ਦਾ ਕਿਸੇ ਵੀ ਅਧਿਕਾਰੀ/ ਕਰਮਚਾਰੀ ਦਾ ਕੋਈ ਵੀ ਖਾਨਾ ਖਾਲੀ ਨਹੀਂ ਹੋਣਾ ਚਾਹੀਦਾ।

5. ਵਿਭਾਗ ਅਧੀਨ ਵੱਖ ਵੱਖ ਸਾਖਾਵਾਂ ਦਾ ਜੇਕਰ ਇੱਕ ਹੀ ਅਧਿਕਾਰੀ ਹੈ ਤਾਂ ਉਸ ਅਧੀਨ ਹਾਜਰੀ ਰਜਿਸਟਰ ਇੱਕ ਹੀ ਹੋਣਾ ਚਾਹੀਦਾ ਹੈ।ਹਾਜਰੀ ਰਜਿਸਟਰ ਦਾ ਆਖਰੀ ਕਾਲਮ ਇਹ ਦਰਸਾਉਂਦਾ ਹੋਵੇ ਕਿ ਮਹੀਨੇ ਦੌਰਾਨ ਕਿਸੇ ਵੀ ਕਰਮਚਾਰੀ ਵੱਲੋ ਕਿੰਨੀਆਂ ਅਚਨਚੇਤ ਛੁੱਟੀਆਂ ਮਾਣੀਆਂ ਗਈਆਂ, ਕਿੰਨੀਆਂ ਛੁੱਟੀਆਂ ਬਕਾਇਆ ਹਨ ਉਸ ਦਾ ਰਜਿਸਟਰ ਵਿਚ ਹਰ ਮਹੀਨੇ ਇੰਦਰਾਜ਼ ਕਰਨਾ ਯਕੀਨੀ ਬਣਾਇਆ ਜਾਵੇ।

6. ਦੁਪਹਿਰ ਦੇ ਖਾਣੇ ਦਾ ਸਮਾਂ 01.30 ਤੋਂ 02.00 ਵਜੇ ਤੱਕ ਦਾ ਨਿਯਮਤ ਹੈ ਇਸ ਸਮੇਂ ਦੌਰਾਨ ਹੀ ਦੁਪਹਿਰ ਦਾ ਖਾਣਾ ਮੁਕੰਮਲ ਕਰਕੇ ਸਮੇਂ ਸਿਰ ਆਪਣੀ ਸੀਟ ਤੇ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ।

7. ਹਾਜ਼ਰੀ ਰਜਿਸਟਰ ਦੇ ਨਾਲ-ਨਾਲ ਹੀ ਸੰਬੰਧਤ ਦਫਤਰ ਵਲੋਂ ਇੱਕ ਬਾਹਰੀ ਯਾਤਰਾ ਰਜਿਸਟਰ ਵੀ ਲਗਾਇਆ ਜਾਵੇ ਜਿਸ ਵਿਚ ਜੇਕਰ ਕਿਸੇ ਵੀ ਕਰਮਚਾਰੀ ਵਲੋਂ ਕਿਸੇ ਹੋਰ ਦਫਤਰ ਵਿਖੇ ਡਿਊਟੀ ਤੇ ਜਾਣਾ ਹੈ ਤਾ ਉਸ ਸੰਬੰਧੀ ਉਸ ਦਫਤਰ ਦਾ ਪੂਰਾ ਪਤਾ ਜਿਸ ਦਫਤਰ ਵਿਖੇ ਉਹ ਡਿਊਟੀ ਦੌਰਾਨ ਜਾ ਰਿਹਾ ਹੈ, ਜਿਸ ਕੰਮ ਲਈ ਜਾ ਰਿਹਾ ਹੈ ਉਸ ਕੰਮ ਦੇ ਮੁਕੰਮਲ ਵੇਰਵੇ ਅਤੇ ਜਾਣ ਦੇ ਸਮੇਂ ਦਾ ਇੰਦਰਾਜ਼ ਸੰਬੰਧਤ ਰਜਿਸਟਰ ਵਿਚ ਦਰਜ਼ ਕੀਤਾ ਜਾਵੇ।

8. ਸਮੇਂ ਸਮੇਂ ਦੌਰਾਨ ਅਚਨਚੇਤ ਛਾਪੇਮਾਰੀ ਕਰਕੇ ਸਮੇਂ ਦੀ ਪਾਬੰਦੀ ਅਤੇ ਹਾਜਰੀ ਰਜਿਸਟਰ ਪੜਤਾਲ ਕਰਨੀ ਯਕੀਨੀ ਬਣਾਈ ਜਾਵੇ।

ਹਦਾਇਤਾਂ ਦੀ ਪਾਲਣਾ ਸਖਤੀ ਨਾਲ ਕਰਨੀ ਯਕੀਨੀ ਬਣਾਈ ਜਾਵੇ।

30/01/2025

ਉਪ ਮੁੱਖ ਇੰਜੀਨੀਅਰ ਟੈਕ ਟੂ
ਨਿਰਦੇਸ਼ਕ/ਪ੍ਰਬੰਧਕੀ, ਪੀ.ਐਸ.ਪੀ.ਸੀ.ਐਲ. ਪਟਿਆਲਾ

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ
(ਆਈ ਆਰ ਸ਼ਾਖਾ)

ਵੱਲ

1) ਸਾਰੇ ਜੀ.ਐਮ/ਇੰਜੀ: ਇੰਨ ਚੀਫ/ਮੁੱਖ ਇੰਜੀਨੀਅਰ,ਪੀ.ਐਸ.ਪੀ.ਸੀ.ਐਲ
2) ਸਾਰੇ ਵਿਭਾਗਾਂ ਦੇ ਮੁੱਖੀ, ਪੀ.ਐਸ.ਪੀ.ਸੀ.ਐਲ
3) ਨਿਗਰਾਨ ਇੰਜੀਨੀਅਰ, ਸੀਨੀਅਰ ਕਾਰਜਕਾਰੀ ਇੰਜੀਨੀਅਰ/ ਉਪ ਮੰਡਲ ਅਫਸਰ, ਪੀ.ਐਸ.ਪੀ.ਸੀ.ਐਲ
4) ਸੀਨੀਅਰ ਪੀ.ਐਸ ਟੂ ਸੀ.ਐਮ.ਡੀ ਅਤੇ ਸਾਰੇ ਡਾਇਰੈਕਟਰਜ਼,ਪੀ.ਐਸ.ਪੀ.ਸੀ.ਐਲ

ਮੀਮੋ ਨੰ: 28158/28668 ਮਿਤੀ : 15.12.2022

ਵਿਸ਼ਾ:- **ਸਮਾਂ ਪਾਬੰਦੀ/ਹਾਜਰੀ ਰਜਿਸਟਰਾਂ ਸਬੰਧੀ ਹਦਾਇਤਾਂ**

ਹਵਾਲਾ:- ਮੈਨੂਅਲ ਆਫ ਇੰਸਟਰੱਕਸ਼ਨਜ ਆਨ ਸਰਵਿਸ ਮੈਟਰਸ ਵਾ:2-1984 ਅਤੇ ਮੀਮੋ ਨੰ: 41310/41346 ਮਿਤੀ 30.7.2015

ਮਾਨਯੋਗ ਬਿਜਲੀ ਮੰਤਰੀ ਸ੍ਰੀ ਹਰਭਜਨ ਸਿੰਘ ਈ.ਟੀ.ਓ ਜੀ ਵੱਲੋਂ ਪੀਐਸਪੀਸੀਐਲ ਪ੍ਰਸਾਸ਼ਨ ਨਾਲ ਮਿਤੀ 14.12.22 ਨੂੰ ਹੋਈ ਵਿਸ਼ੇਸ ਮੀਟਿੰਗ ਦੌਰਾਨ ਮਹਿਕਮੇ ਦੇ ਅਕਸ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਦੇ ਵੱਡਮੁੱਲੇ ਖਪਤਕਾਰਾਂ ਨੂੰ ਵੱਧੀਆ ਸੇਵਾਵਾਂ ਪ੍ਰਦਾਨ ਕਰਨ ਲਈ ਦਫਤਰਾਂ ਵਿੱਚ ਸਮਾਂ-ਪਾਬੰਦੀ ਸਬੰਧੀ ਦਿੱਤੇ ਦਿਸ਼ਾ-ਨਿਰਦੇਸ਼ਾਂ ਦੇ ਮੱਦੇਨਜ਼ਰ ਵਿਭਾਗੀ ਅਨੁਸਾਸ਼ਨੀ ਕਾਰਵਾਈ ਤੋਂ ਬਚਣ ਲਈ ਹੇਠਾਂ ਦਰਸਾਈਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ :-

1. ਸਮੇਂ ਦਾ ਪਾਬੰਦ ਨਾ ਹੋਣ ਦੀ ਆਦਤ ਕਾਰਨ ਕਰਮਚਾਰੀ/ਅਧਿਕਾਰੀ ਦਾ ਤਾਂ ਆਪਣਾ ਅਕਸ ਖਰਾਬ ਹੁੰਦਾ ਹੀ ਹੈ ਇਸ ਦੇ ਨਾਲ ਨਾਲ ਮਹਿਕਮੇ ਦਾ ਵੀ ਅਕਸ ਖਰਾਬ ਹੁੰਦਾ ਹੈ। ਇਸ ਲਈ ਕਰਮਚਾਰੀਆਂ/ਅਧਿਕਾਰੀਆਂ ਵੱਲੋਂ ਸਮੇਂ ਸਿ ਆਪਣੀ ਡਿਊਟੀ ਤੇ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ।

2. ਸਵੇਰੇ 09.00 ਵਜੇ ਹਰ ਹਾਲਤ ਵਿਚ ਆਪਣੀ ਸੀਟ ਤੇ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਅਤੇ ਆਪਣੇ ਸੰਬੰਧਤ ਦਫਤਰੀ ਕੰਮਕਾਜ ਅਤੇ ਅਚਨਚੇਤ ਕੰਮ ਨੂੰ ਸਵੇਰੇ 09.00 ਵਜੇ ਤੋਂ ਲੈ ਕੇ ਸ਼ਾਮ 05.00 ਵਜੇ ਤੱਕ ਦੇ ਸਮੇਂ ਦੌਰਾਨ ਹੀ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।ਇਸ ਤੋਂ ਇਲਾਵਾ ਜਿਨ੍ਹਾਂ ਦਫਤਰਾਂ ਵਿੱਚ ਸਿਫਟ ਡਿਊਟੀਆਂ ਵਿੱਚ ਕੰਮ ਕਾਜ ਚੱਲਦਾ ਹੈ ਉਨ੍ਹਾਂ ਦਫਤਰਾਂ ਵਿੱਚ ਸਿਫ਼ਟ ਸ਼ੁਰੂ ਹੋਣ ਦੇ ਸਮੇਂ ਤੋਂ ਪਹਿਲਾਂ ਹਾਜ਼ਰੀ ਲਗਾਉਣੀ ਯਕੀਨੀ ਬਣਾਈ ਜਾਵੇ।

3. ਸਮਾਂ 09.30 ਵਜੇ ਸਵੇਰੇ ਤੋਂ ਲੇਟ ਆਉਣ ਵਾਲੇ ਮੁਲਾਜਮਾਂ ਦੀ ਅੱਧੇ ਦਿਨ ਦੀ ਛੁੱਟੀ ਲਗਾਈ ਜਾਵੇ।

4. ਹਾਜ਼ਰੀ ਰਜਿਸਟਰ ਵਿੱਚ ਅਧਿਕਾਰੀਆਂ/ਕਰਮਚਾਰੀਆਂ ਵਲੋਂ ਆਪਣੀ ਹਾਜ਼ਰੀ ਦਰਜ਼ ਕਰਨ ਲਈ ਆਪਣੇ ਹਸਤਾਖਰ

ਅਤੇ ਦਰਜ਼ਾ-4 ਕਰਮਚਾਰੀ ਦੇ ਕੇਸ ਵਿਚ 'ਹ' ਅਤੇ ਕਿਸੇ ਵੀ ਕਰਮਚਾਰੀ ਦੇ ਛੁੱਟੀ ਤੇ ਹੋਣ ਦੀ ਸੂਰਤ 'ਛ', ਯਾਤਰਾ ਤੇ 'ਡ' ਦਾ ਇੰਦਰਾਜ਼ ਹਾਜ਼ਰੀ ਰਜਿਸਟਰ ਵਿਚ ਸੰਬੰਧਤ ਅਧਿਕਾਰੀ ਵਲੋਂ ਕਰਨਾ ਯਕੀਨੀ ਬਣਾਇਆ ਜਾਵੇ। ਹਾਜ਼ਰੀ ਰਜਿਸਟਰ ਦਾ ਕਿਸੇ ਵੀ ਅਧਿਕਾਰੀ/ਕਰਮਚਾਰੀ ਦਾ ਕੋਈ ਵੀ ਖਾਨਾ ਖਾਲੀ ਨਹੀਂ ਹੋਣਾ ਚਾਹੀਦਾ।

5. ਵਿਭਾਗ ਅਧੀਨ ਵੱਖ ਵੱਖ ਸਾਖਾਵਾਂ ਦਾ ਜੇਕਰ ਇੱਕ ਹੀ ਅਧਿਕਾਰੀ ਹੈ ਤਾਂ ਉਸ ਅਧੀਨ ਹਾਜਰੀ ਰਜਿਸਟਰ ਇੱਕ ਹੀ ਹੋਣਾ ਚਾਹੀਦਾ ਹੈ।ਹਾਜਰੀ ਰਜਿਸਟਰ ਦਾ ਆਖਰੀ ਕਾਲਮ ਇਹ ਦਰਸਾਉਂਦਾ ਹੋਵੇ ਕਿ ਮਹੀਨੇ ਦੌਰਾਨ ਕਿਸੇ ਵੀ ਕਰਮਚਾਰੀ ਵੱਲੋ ਕਿੰਨੀਆਂ ਅਚਨਚੇਤ ਛੁੱਟੀਆਂ ਮਾਣੀਆਂ ਗਈਆਂ, ਕਿੰਨੀਆਂ ਛੁੱਟੀਆਂ ਬਕਾਇਆ ਹਨ ਉਸ ਦਾ ਰਜਿਸਟਰ ਵਿਚ ਹਰ ਮਹੀਨੇ ਇੰਦਰਾਜ਼ ਕਰਨਾ ਯਕੀਨੀ ਬਣਾਇਆ ਜਾਵੇ।

6. ਦੁਪਹਿਰ ਦੇ ਖਾਣੇ ਦਾ ਸਮਾਂ 01.30 ਤੋਂ 02.00 ਵਜੇ ਤੱਕ ਦਾ ਨਿਯਮਤ ਹੈ ਇਸ ਸਮੇਂ ਦੌਰਾਨ ਹੀ ਦੁਪਹਿਰ ਦਾ ਖਾਣਾ ਮੁਕੰਮਲ ਕਰਕੇ ਸਮੇਂ ਸਿਰ ਆਪਣੀ ਸੀਟ ਤੇ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ।

7. ਹਾਜ਼ਰੀ ਰਜਿਸਟਰ ਦੇ ਨਾਲ-ਨਾਲ ਹੀ ਸੰਬੰਧਤ ਦਫਤਰ ਵਲੋਂ ਇੱਕ ਬਾਹਰੀ ਯਾਤਰਾ ਰਜਿਸਟਰ ਵੀ ਲਗਾਇਆ ਜਾਵੇ ਜਿਸ ਵਿਚ ਜੇਕਰ ਕਿਸੇ ਵੀ ਕਰਮਚਾਰੀ ਵਲੋਂ ਕਿਸੇ ਹੋਰ ਦਫਤਰ ਵਿਖੇ ਡਿਊਟੀ ਤੇ ਜਾਣਾ ਹੈ ਤਾ ਉਸ ਸੰਬੰਧੀ ਉਸ ਦਫਤਰ ਦਾ ਪੂਰਾ ਪਤਾ ਜਿਸ ਦਫਤਰ ਵਿਖੇ ਉਹ ਡਿਊਟੀ ਦੌਰਾਨ ਜਾ ਰਿਹਾ ਹੈ, ਜਿਸ ਕੰਮ ਲਈ ਜਾ ਰਿਹਾ ਹੈ ਉਸ ਕੰਮ ਦੇ ਮੁਕੰਮਲ ਵੇਰਵੇ ਅਤੇ ਜਾਣ ਦੇ ਸਮੇਂ ਦਾ ਇੰਦਰਾਜ਼ ਸੰਬੰਧਤ ਰਜਿਸਟਰ ਵਿਚ ਦਰਜ਼ ਕੀਤਾ ਜਾਵੇ।

8. ਸਮੇਂ ਸਮੇਂ ਦੌਰਾਨ ਅਚਨਚੇਤ ਛਾਪੇਮਾਰੀ ਕਰਕੇ ਸਮੇਂ ਦੀ ਪਾਬੰਦੀ ਅਤੇ ਹਾਜਰੀ ਰਜਿਸਟਰ ਪੜਤਾਲ ਕਰਨੀ ਯਕੀਨੀ ਬਣਾਈ ਜਾਵੇ।

ਹਦਾਇਤਾਂ ਦੀ ਪਾਲਣਾ ਸਖਤੀ ਨਾਲ ਕਰਨੀ ਯਕੀਨੀ ਬਣਾਈ ਜਾਵੇ।

15/12/2022

ਉਪ ਮੁੱਖ ਇੰਜੀ:/ਏਕ ਟੂ
ਨਿਰਦੇਸ਼ਕ ਪ੍ਰਬੰਧਕੀ,ਪਟਿਆਲਾ।

ਕਾਪੀ - ਮਾਨਯੋਗ ਬਿਜਲੀ ਮੰਤਰੀ, ਪੰਜਾਬ ਸਰਕਾਰ ਸੂਚਨਾ ਹਿੱਤ ਹੈ ਜੀ।